# ਪੰਜਾਬ ਖੇਤੀਬਾੜੀ ਉਤਪਾਦ ਮੰਡੀਆਂ (ਤਰਮੀਮ) ਬਿੱਲ, 2022

2022 ਦਾ ਪੰਜਾਬ ਬਿਲ ਨੰ.....06

## ਇਕ ਬਿੱਲ।

ਪੰਜਾਬ ਖੇਤੀਬਾੜੀ ਉਤਪਾਦ ਮੰਡੀਆਂ ਐਕਟ, 1961 ਵਿੱਚ ਹੋਰ ਤਰਮੀਮ ਹਿੱਤ

ਇਸ ਨੂੰ ਭਾਰਤੀ ਗਣਰਾਜ ਦੇ ਬਹਤੱਰਵੇਂ ਸਾਲ ਵਿਚ ਪੰਜਾਬ ਰਾਜ ਦੀ ਵਿਧਾਨ ਸਭਾ ਦੁਆਰਾ ਹੇਠ ਅਨੁਸਾਰ ਤਿਆਰ ਕੀਤਾ ਗਿਆ ਹੈ: -

ਸੰਖੇਪ ਸਿਰਲੇਖ ਅਤੇ ਅਰੰਭ

1. (1) ਇਸ ਐਕਟ ਨੂੰ ਪੰਜਾਬ ਖੇਤੀਬਾੜੀ ਉਤਪਾਦ ਮੰਡੀਆਂ (ਤਰਮੀਮ) ਐਕਟ, 2022 ਕਿਹਾ ਜਾਵੇਗਾ।

(2) ਇਹ ਸਰਕਾਰੀ ਗਜ਼ਟ ਵਿਚ ਇਸ ਦੇ ਪ੍ਰਕਾਸ਼ਤ ਹੋਣ ਦੀ ਮਿਤੀ ਤੋਂ ਲਾਗੂ ਅਤੇ ਪ੍ਰਭਾਵੀ ਹੋਵੇਗਾ।

1961 ਦੇ ਪੰਜਾਬ ਐਕਟ ਨੰ. 23 ਦੀ ਧਾਰਾ 12-ਏ ਦਾ ਬਦਲ

2. ਪੰਜਾਬ ਖੇਤੀਬਾੜੀ ਉਤਪਾਦ ਮੰਡੀਆਂ ਐਕਟ, 1961 ਵਿਚ, ਧਾਰਾ 12-ਏ ਲਈ, ਨਿਮਨ ਅਨੁਸਾਰ ਧਾਰਾ ਲਗਾਈ ਜਾਵੇਗੀ, ਅਰਥਾਤ :-

"12-ਏ, ਨਾਮਜ਼ਦ ਕਮੇਟੀਆਂ ਨੂੰ ਹਟਾਉਣਾ

ਪੰਜਾਬ ਖੇਤੀਬਾੜੀ ਉਤਪਾਦ ਮੰਡੀਆਂ (ਤਰਮੀਮ) ਐਕਟ, 2022 ਦੇ ਆਰੰਭ ਹੋਣ ਤੋਂ,:-

(ੳ) ਧਾਰਾ 12 ਤਹਿਤ ਨਾਮਜ਼ਾਦਗੀ ਰਾਹੀਂ ਗਠਿਤ ਸਾਰੀਆਂ ਕਮੇਟੀਆ ਜਿਵੇਂ ਕਿ ਅਜਿਹੇ ਆਰੰਭ ਤੋਂ ਪਹਿਲਾ ਮੌਜੂਦ ਸਨ, ਨੂੰ ਹਟਾ ਦਿੱਤਾ ਜਾਵੇਗਾ;

(ਅ) ਹਰੇਕ ਕਮੇਟੀ ਦੇ ਚੇਅਰਮੈਨ ਅਤੇ ਵਾਈਸ-ਚੇਅਰਮੈਨ ਸਮੇਤ ਸਾਰੇ ਮੈਂਬਰ, ਅਹੁਦਾ ਸੰਭਾਲਣਾ ਬੰਦ ਕਰ ਦੇਣਗੇ;

(ੲ) ਕਮੇਟੀਆ ਦੇ ਹਟਾਏ ਜਾਣ ਦੀ ਮਿਆਦ ਦੌਰਾਨ, ਇਸ ਐਕਟ ਦੇ ਤਹਿਤ ਕਮੇਟੀ, ਇਸ ਦੇ ਚੇਅਰਮੈਨ, ਵਾਈਸ-ਚੇਅਰਮੈਨ ਅਤੇ ਹੋਰ ਮੈਂਬਰਾਂ ਨੂੰ ਪ੍ਰਦਾਨ ਕੀਤੀਆਂ ਸਾਰੀਆਂ ਸ਼ਕਤੀਆਂ ਅਤੇ ਜਿੰਮੇਵਾਰੀਆਂ, ਅਜਿਹੇ ਅਧਿਕਾਰੀ ਦੁਆਰਾ ਵਰਤੀਆਂ ਅਤੇ ਨਿਭਾਈਆਂ ਜਾਣਗੀਆਂ, ਜਿਵੇਂ ਕਿ ਸਰਕਾਰ ਇਸ ਸਬੰਧ ਵਿਚ ਨਿਯੁਕਤ ਕਰ ਸਕਦੀ ਹੈ; ਅਤੇ

(ਸ) ਕਮੇਟੀਆਂ ਨੂੰ ਦਿੱਤੇ ਗਏ ਉਹ ਸਾਰੇ ਅਧਿਕਾਰ, ਜਦੋਂ ਤੱਕ ਇਹ ਪੁਨਰਗਠਿਤ ਨਹੀਂ ਹੁੰਦੀਆਂ, ਸਰਕਾਰ ਕੋਲ ਰਹਿਣਗੇ:

ਬਸ਼ਰਤੇ ਕਿ ਕਮੇਟੀਆਂ, ਧਾਰਾ 12 ਦੇ ਉਪਬੰਧਾਂ ਦੇ ਅਨੁਸਾਰ ਹਟਾਏ ਜਾਣ ਦੀ ਮਿਤੀ ਤੋਂ ਇਕ ਸਾਲ ਦੀ ਮਿਆਦ ਦੇ ਅੰਦਰ-ਅੰਦਰ ਪੁਨਰਗਠਿਤ ਕੀਤੀਆਂ ਜਾਣਗੀਆਂ।"

# ਉਦੇਸ਼ਾਂ ਅਤੇ ਕਾਰਨਾਂ ਦੀ ਵਿਆਖਿਆ

ਰਾਜ ਵਿਚ ਹੋਈਆਂ ਤਾਜ਼ਾ ਵਿਧਾਨ ਸਭਾ ਚੋਣਾਂ ਤੋਂ ਬਾਅਦ, ਜਨਤਾ ਦੁਆਰਾ ਨਵੇਂ ਨੁਮਾਇੰਦੇ ਚੁਣੇ ਗਏ ਹਨ। ਫਲਸਰੂਪ, ਪੰਜਾਬ ਖੇਤੀਬਾੜੀ ਉਤਪਾਦ ਮੰਡੀਆਂ ਐਕਟ, 1961 ਦੇ ਅੰਤਰਗਤ ਗਠਿਤ ਮੰਡੀ ਕਮੇਟੀਆਂ ਰਾਜ ਦੇ ਲੋਕਾਂ ਲਈ ਹੁਣ ਉਚਿਤ ਪ੍ਰਤੀਨਿਧ ਸੰਗਠਨ, ਨਹੀਂ ਹਨ। ਇਸ ਲਈ ਜਨਤਕ ਹਿਤ ਅਤੇ ਸਰਕਾਰ ਦੀਆਂ ਨੀਤੀਆਂ ਅਤੇ ਪ੍ਰੋਗਰਾਮਾਂ ਨੂੰ ਤੇਜੀ ਨਾਲ ਲਾਗੂ ਕਰਨ ਲਈ, ਇਹ ਬਿਲ, ਰਾਜ ਵਿਚ ਨਾਮਜ਼ਦ ਮੰਡੀ ਕਮੇਟੀਆਂ ਨੂੰ ਹਟਾਉਣ ਲਈ ਅਤੇ ਇਕ ਸਾਲ ਦੇ ਅੰਦਰ ਮੰਡੀ ਕਮੇਟੀਆਂ ਦੇ ਪੁਨਰਗਠਨ ਤੱਕ, ਅਜਿਹੀ ਕਮੇਟੀਆਂ ਦਾ ਅਹੁਦਾ ਸੰਭਾਲਣ ਅਤੇ ਸ਼ਕਤੀਆਂ ਦੀ ਵਰਤੋਂ ਅਤੇ ਕਾਰਗੁਜਾਰੀਆਂ ਆਦਿ ਕਰਨ ਲਈ ਪ੍ਰਸ਼ਾਸਕਾਂ ਨੂੰ ਨਿਯੁਕਤ ਕਰਨ ਲਈ ਪੇਸ਼ ਹੈ।

**ਮੁੱਖ ਮੰਤਰੀ,**

**ਪੰਜਾਬ**